**ਦਫਤਰ ਉਪ ਰਾਜ ਕਰ ਕਮਿਸ਼ਨਰ,ਰੂਪਨਗਰ ਮੰਡਲ, ਰੂਪਨਗਰ।**

**Email ID: detcropar@punjab.gov.in**

ਸੇਵਾ ਵਿਖੇ

ਜਿਲ੍ਹਾ ਲੋਕ ਸੰਪਰਕ ਅਫਸਰ,
ਐਸ.ਏ.ਐਸ. ਨਗਰ।

**ਵਿਸ਼ਾ:- ਵਿਭਾਗੀ ਫੰਡਾਂ ਤਹਿਤ ਗੱਡੀਆਂ ਕਿਰਾਏ ਤੇ ਲੈਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਫਤਰ ਵੱਲੋਂ ਟੈਂਡਰ ਪ੍ਰਕਿਰਿਆ ਰਾਹੀਂ ਉਪ ਰਾਜ ਕਰ ਕਮਿਸ਼ਨਰ, ਰੂਪਨਗਰ ਮੰਡਲ ਰੂਪਨਗਰ ਅਧੀਨ ਆਉਂਦ ਵੱਖ-ਵੱਖ ਦਫਤਰਾਂ ਲਈ ਵਿਭਾਗੀ ਫੰਡਾਂ ਤਹਿਤ ਗੱਡੀਆਂ ਕਿਰਾਏ ਤੇ ਲੈਣ ਸਬੰਧੀ ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ ਇਸ ਪੱਤਰ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਇਸ਼ਤਿਹਾਰ ਪਬਲਿਕ ਹਿਤ ਲਈ ਪ੍ਰਸਿੱਧ ਦੋ ਅਖਬਾਰ (ਦਿ ਟ੍ਰਿਬਿਊਨ ਅਤੇ ਅਜੀਤ) ਵਿੱਚ ਸਰਕਾਰੀ ਰੇਟਸ ਤੇ ਪ੍ਰਕਾਸ਼ਿਤ ਕਰਨ ਲਈ ਆਪ ਨੂੰ ਭੇਜਿਆ ਜਾਂਦਾ ਹੈ ਜੀ।

ਨੱਥੀ: ਟੈਂਡਰ ਨੋਟਿਸ।

ਉਪ ਰਾਜ ਕਰ ਕਮਿਸ਼ਨਰ,
ਰੂਪਨਗਰ ਮੰਡਲ, ਰੂਪਨਗਰ।

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਲੋੜੀਂਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਵਧੀਕ ਆਬਕਾਰੀ ਤੇ ਕਰ ਕਮਿਸ਼ਨਰ (ਪ੍ਰਸ਼ਾਸਨ), ਪੰਜਾਬ, ਪਟਿਆਲਾ।
2. ਉਪ ਕੰਟਰੋਲਰ ਵਿੱਤ ਤੇ ਲੇਖਾ, ਦਫਤਰ ਆਬਕਾਰੀ ਤੇ ਕਰ ਵਿਭਾਗ, ਪੰਜਾਬ, ਪਟਿਆਲਾ।

ਉਪ ਰਾਜ ਕਰ ਕਮਿਸ਼ਨਰ,
ਰੂਪਨਗਰ ਮੰਡਲ, ਰੂਪਨਗਰ।

**ਦਫਤਰ ਉਪ ਰਾਜ ਕਰ ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ**

ਆਬਕਾਰੀ ਤੇ ਕਰ ਵਿਭਾਗ ਪੰਜਾਬ ਦੇ ਦਫਤਰ ਉਪ ਰਾਜ ਕਰ ਕਮਿਸ਼ਨਰ ਰੂਪਨਗਰ ਮੰਡਲ ਰੂਪਨਗਰ ਦੇ ਵੱਖ ਵੱਖ ਜਿਲ੍ਹਿਆਂ (ਰੂਪਨਗਰ, ਮੋਹਾਲੀ ਅਤੇ ਮੋਬਾਇਲ ਵਿੰਗ ਚੰਡੀਗੜ੍ਹ, ਮੋਬਾਇਲ ਵਿੰਗ ਫਤਿਹਗੜ੍ਹ ਸਾਹਿਬ ਐਟ ਮੋਹਾਲੀ) ਵਿੱਚ ਤਾਇਨਾਤ ਅਫਸਰਾਂ ਦੀ ਵਰਤੋਂ ਲਈ ਡੀਜ਼ਲ ਦੀਆਂ ਇਨੋਵਾ/ਟਵੇਰਾ/ਬਲੈਰੋ/ਸਕੋਰਪਿਓ/ਅਰਟੀਗਾ (ਜੁਲਾਈ 2018 ਅਤੇ ਉਪਰਲੇ ਮਾਡਲ) 24x7 ਅਧਾਰ ਤੇ 2350 ਕਿਲੋਮੀਟਰ ਪ੍ਰਤੀ ਮਹੀਨਾ ਕਿਰਾਏ ਤੇ ਲੈਣ ਲਈ ਪੇਸ਼ਕਸ਼ਾਂ ਮੰਗੀਆਂ ਜਾਂਦੀਆਂ ਹਨ। ਇਸ ਮੰਤਵ ਲਈ ਲਗਭਗ ਕੁੱਲ 8 ਗੱਡੀਆਂ ਲੋੜੀਂਦੀਆਂ ਹਨ ਜਿਨ੍ਹਾਂ ਦੀ ਗਿਣਤੀ ਲੋੜ ਅਨੁਸਾਰ ਵਧਾਈ/ਘਟਾਈ ਜਾ ਸਕਦੀ ਹੈ। ਇਹ ਗੱਡੀਆਂ ਵਿਭਾਗ ਦੇ ਵੱਖ ਵੱਖ ਜਿਲ੍ਹਿਆਂ (ਰੂਪਨਗਰ (3), ਮੋਹਾਲੀ (2), ਮੋਬਾਇਲ ਵਿੰਗ ਚੰਡੀਗੜ੍ਹ (2) ਅਤੇ ਮੋਬਾਇਲ ਵਿੰਗ ਫਤਿਹਗੜ੍ਹ ਸਾਹਿਬ ਐਟ ਮੋਹਾਲੀ (1) ਲਈ ਲੋੜੀਂਦੀਆਂ ਹਨ। ਟੈਂਡਰ ਕਰਤਾ ਜਿਹੜੇ ਜਿਲ੍ਹੇ ਲਈ ਗੱਡੀ ਦੇਣਾ ਚਾਹੁੰਦਾ ਹੋਵੇ ਉਹ ਟੈਂਡਰ ਫਾਰਮ ਵਿੱਚ ਭਰ ਸਕਦਾ ਹੈ। ਵਿਸਥਾਰਤ ਨਿਯਮ ਸ਼ਰਤਾਂ ਸਮੇਤ ਟੈਂਡਰ ਫਾਰਮ 500 ਰੁਪਏ ਦੀ ਅਦਾਇਗੀ ਤੇ ਮਿਤੀ 26.09.2020 ਤੋਂ 10.10.2020 ਨੂੰ ਸਵੇਰੇ 11 ਵਜੇ ਤੱਕ ਦਫਤਰ ਉਪ ਰਾਜ ਕਰ ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ ਜਾਂ ਉਪਰੋਕਤ ਦੇ ਕੈਂਪ ਦਫਤਰ, ਆਬਕਾਰੀ ਤੇ ਕਰ ਕਮਿਸ਼ਨਰ ਭਵਨ, ਸੈਕਟਰ 69 ਐਸ.ਏ.ਐਸ ਨਗਰ (ਮੋਹਾਲੀ) ਦੇ ਦਫਤਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਜਾਂ ਵਿਭਾਗ ਦੀ ਵੈਬਸਾਈਟ www.pextax.com ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਇਹ ਟੈਂਡਰ ਬਿਆਨਾ ਰਾਸ਼ੀ ਦੇ ਰੂਪ ਵਿੱਚ 10,000/- ਰੁਪਏ ਦੇ ਡਿਮਾਂਡ ਡਰਾਫਟ ਦੇਣ ਉਪਰੰਤ ਉਪ ਰਾਜ ਕਰ ਕਮਿਸ਼ਨਰ, ਰੂਪਨਗਰ ਦੇ ਨਾਮ ਤੇ ਰੂਪਨਗਰ ਵਿਖੇ ਅਦਾਇਗੀਯੋਗ ਸਮੇਤ ਆਪਣਾ ਟੈਂਡਰ ਮਿਤੀ 10.10.2020 ਨੂੰ ਦੁਪਹਿਰ 12.00 ਵਜੇ ਤੱਕ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਏ ਜਾ ਸਕਦੇ ਹਨ। ਟੈਂਡਰ ਮਿਤੀ 10.10.2020 ਨੂੰ ਦੁਪਹਿਰ 12.30 ਵਜੇ ਉਪ ਰਾਜ ਕਰ ਕਮਿਸ਼ਨਰ ਰੂਪਨਗਰ ਮੰਡਲ, ਰੂਪਨਗਰ ਦੇ ਕੈਂਪ ਦਫਤਰ, ਆਬਕਾਰੀ ਤੇ ਕਰ ਭਵਨ ਸੈਕਟਰ 69 ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਖੋਲ੍ਹੇ ਜਾਣਗੇ। ਇਸ ਸਬੰਧੀ ਜੇਕਰ ਕੋਈ ਸੋਧ ਹੋਈ ਤਾਂ ਇਸ ਵਿਭਾਗ ਦੀ ਵੈਬਸਾਈਟ www.pextax.com ਤੇ ਪਾ ਦਿੱਤੀ ਜਾਵੇਗੀ।

ਨੋਟ:- ਸਾਰੇ ਟੈਂਡਰ ਜਿਲ੍ਹਾ ਵਾਈਜ਼ ਪਾਏ ਜਾਣਗੇ ਅਤੇ ਜਿਲ੍ਹਾ ਵਾਈਜ਼ ਹੀ ਖੋਲ੍ਹੇ ਜਾਣਗੇ।

ਉਪ ਰਾਜ ਕਰ ਕਮਿਸ਼ਨਰ
ਰੂਪਨਗਰ ਮੰਡਲ ਰੂਪਨਗਰ।